ਮਿੱਠੇ ਬੱਚੇ:- "ਮਿੱਠੇ ਬੱਚੇ :- ਨਿਸ਼ਚੇ ਗਿਆਨ ਯੋਗ ਨਾਲ ਬੈਠਦਾ, ਸਾਕ੍ਸ਼ਾਤ੍ਕਾਰ ਨਾਲ ਨਹੀ। ਸ਼ਾਕਸ਼ਤਕਾਰ ਦੀ ਡਰਾਮਾ ਵਿੱਚ ਨੂੰਧ ਹੈ, ਬਾਕੀ ਉਸ ਨਾਲ ਕਿਸੀ ਦਾ ਕਲਿਆਣ ਨਹੀਂ ਹੁੰਦਾ"

ਪ੍ਰਸ਼ਨ:- ਬਾਪ ਕਿਹੜੀ ਤਾਕਤ ਨਹੀਂ ਵਿਖਾਉਂਦੇ ਹਨ ਪਰ ਬਾਪ ਦੇ ਕੋਲ ਜਾਦੂਗਰੀ ਜਰੂਰ ਹੈ?

ਉੱਤਰ:- ਮਨੁੱਖ ਸਮਝਦੇ ਹਨ ਰੱਬ ਤਾਂ ਤਾਕਤਮੰਦ ਹੈ, ਉਹ ਮਰੇ ਹੋਏ ਨੂੰ ਵੀ ਜਿੰਦਾ ਕਰ ਸਕਦੇ ਹਨ, ਪਰ ਬਾਬਾ ਕਹਿੰਦੇ ਇਹ ਤਾਕਤ ਮੈਂ ਨਹੀਂ ਵਿਖਾਉਂਦਾ ਹਾਂ। ਬਾਕੀ ਕੋਈ ਨੌਂਧਾ ਭਗਤੀ ਕਰਦੇ ਹਨ ਤਾਂ ਉਨ੍ਹਾਂ ਨੂੰ ਸਾਕ੍ਸ਼ਾਤ੍ਕਾਰ ਕਰਾ ਦਿੰਦਾ ਹਾਂ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਸਾਕ੍ਸ਼ਾਤ੍ਕਾਰ ਕਰਾਉਣ ਦੀ ਜਾਦੂਗਰੀ ਬਾਪ ਦੇ ਕੋਲ ਹੈ ਇਸਲਈ ਕਈ ਬੱਚਿਆਂ ਨੂੰ ਘਰ ਬੈਠੇ ਵੀ ਬ੍ਰਹਮਾ ਤੇ ਸ਼੍ਰੀਕ੍ਰਿਸ਼ਨ ਦਾ ਸਾਕਸ਼ਾਤਕਾਰ ਹੋ ਜਾਂਦਾ ਹੈ।

ਗੀਤ:- ਕੌਣ ਆਇਆ ਮੇਰੇ ਮਨ ਕੇ ਦੁਆਰੇ...

ਓਮ ਸ਼ਾਂਤੀ - ਇਹ ਬੱਚਿਆਂ ਦੇ ਅਨੁਭਵ ਦਾ ਗੀਤ ਹੈ। ਸਤਿਸੰਗ ਤਾਂ ਬਹੁਤ ਹਨ, ਖਾਸ ਭਾਰਤ ਵਿੱਚ ਤਾਂ ਢੇਰ ਸਤਿਸੰਗ ਹਨ, ਕਈ ਮਨ - ਮਤਾਂਤ੍ਰ ਹਨ, ਅਸਲ ਵਿੱਚ ਉਹ ਕੋਈ ਸਤਿਸੰਗ ਨਹੀਂ। ਸਤਿਸੰਗ ਇੱਕ ਹੁੰਦਾ ਹੈ। ਬਾਕੀ ਤੁਸੀਂ ਉੱਥੇ ਕਿਸੀ ਵਿਦਵਾਨ, ਅਚਾਰਿਆ, ਪੰਡਿਤ ਦਾ ਮੂੰਹ ਵੇਖੋਗੇ, ਬੁੱਧੀ ਉਸ ਵੱਲ ਜਾਏਗੀ। ਇਥੇ ਫਿਰ ਅਨੋਖੀ ਗੱਲ ਹੈ। ਇਹ ਸਤਿਸੰਗ ਇੱਕ ਹੀ ਵਾਰ ਇਸ ਸੰਗਮਯੁਗ ਤੇ ਹੁੰਦਾ ਹੈ। ਇਹ ਤਾਂ ਬਿਲਕੁਲ ਨਵੀਂ ਗੱਲ ਹੈ, ਉਸ ਬੇਹੱਦ ਦੇ ਬਾਪ ਦਾ ਸ਼ਰੀਰ ਤਾਂ ਕੋਈ ਹੈ ਨਹੀਂ। ਕਹਿੰਦੇ ਹਨ ਮੈਂ ਤੁਹਾਡਾ ਨਿਰਾਕਾਰ ਸ਼ਿਵਬਾਬਾ ਹਾਂ। ਤੁਸੀਂ ਹੋਰ ਸਤਿਸੰਗਾਂ ਵਿੱਚ ਜਾਂਦੇ ਹੋ ਤਾਂ ਸ਼ਰੀਰਾਂ ਨੂੰ ਹੀ ਵੇਖਦੇ ਹੋ। ਸ਼ਾਸਤਰ ਯਾਦ ਕਰ ਫਿਰ ਸੁਣਾਉਂਦੇ ਹਨ, ਕਈ ਪ੍ਰਕਾਰ ਦੇ ਸ਼ਾਸਤਰ ਹਨ, ਉਹ ਤਾਂ ਤੁਸੀਂ ਜਨਮ - ਜਨਮਾਂਤ੍ਰ ਸੁਣਦੇ ਆਏ ਹੋ। ਹੁਣ ਹੈ ਨਵੀਂ ਗੱਲ। ਬੁੱਧੀ ਤੋਂ ਆਤਮਾ ਜਾਣਦੀ ਹੈ, ਬਾਪ ਕਹਿੰਦੇ ਹਨ - ਹੇ ਮੇਰੇ ਸਿਕਿਲੱਧੇ ਬੱਚੇ, ਹੇ ਮੇਰੇ ਸਾਲੀਗ੍ਰਾਮੋਂ! ਤੁਸੀਂ ਬੱਚੇ ਜਾਣਦੇ ਹੋ 5 ਹਜ਼ਾਰ ਵਰ੍ਹੇ ਪਹਿਲੇ ਇਸ ਸ਼ਰੀਰ ਦੁਆਰਾ ਬਾਬਾ ਨੇ ਪੜ੍ਹਾਇਆ ਸੀ। ਤੁਹਾਡੀ ਬੁੱਧੀ ਇੱਕਦਮ ਦੂਰ ਚਲੀ ਜਾਂਦੀ ਹੈ। ਤਾਂ ਬਾਬਾ ਆਇਆ ਹੈ। ਬਾਬਾ ਅੱਖਰ ਕਿੰਨਾ ਮਿੱਠਾ ਹੈ। ਉਹ ਹੈ ਮਾਤਾ - ਪਿਤਾ। ਕੋਈ ਵੀ ਸੁਣਨਗੇ ਤਾਂ ਕਹਿਣਗੇ ਪਤਾ ਨਹੀਂ ਇਨ੍ਹਾਂ ਦੇ ਮਾਤਾ - ਪਿਤਾ ਕੌਣ ਹਨ? ਬਰੋਬਰ ਉਹ ਸਾਕ੍ਸ਼ਾਤ੍ਕਾਰ ਕਰਾਉਂਦੇ ਹਨ ਤਾਂ ਉਸ ਵਿੱਚ ਵੀ ਉਹ ਮੁੰਝਦੇ ਹਨ। ਕਦੀ ਬ੍ਰਹਮਾ ਨੂੰ, ਕਦੀ ਸ਼੍ਰੀਕ੍ਰਿਸ਼ਨ ਨੂੰ ਵੇਖ ਲੈਂਦੇ ਹਨ। ਤਾਂ ਵਿਚਾਰ ਕਰਦੇ ਰਹਿੰਦੇ ਹਨ ਕਿ ਇਹ ਕੀ ਹੈ? ਬ੍ਰਹਮਾ ਦਾ ਵੀ ਬਹੁਤਿਆਂ ਨੂੰ ਘਰ ਬੈਠੇ ਸਾਕ੍ਸ਼ਾਤ੍ਕਾਰ ਹੁੰਦਾ ਹੈ। ਹੁਣ ਬ੍ਰਹਮਾ ਦੀ ਤਾਂ ਕਦੀ ਕੋਈ ਪੂਜਾ ਕਰਦੇ ਨਹੀਂ ਹਨ। ਸ਼੍ਰੀਕ੍ਰਿਸ਼ਨ ਆਦਿ ਦੀ ਤਾਂ ਕਰਦੇ ਹਨ। ਬ੍ਰਹਮਾ ਨੂੰ ਤਾਂ ਕੋਈ ਜਾਣਦੇ ਵੀ ਨਹੀਂ ਹੋਣਗੇ। ਪ੍ਰਜਾਪਿਤਾ ਬ੍ਰਹਮਾ ਤਾਂ ਹੁਣ ਆਇਆ ਹੈ, ਇਹ ਹੈ ਪ੍ਰਜਾਪਿਤਾ। ਬਾਪ ਬੈਠ ਸਮਝਾਉਂਦੇ ਹਨ ਕਿ ਸਾਰੀ ਦੁਨੀਆਂ ਪਤਿਤ ਹੈ ਤਾਂ ਜਰੂਰ ਇਹ ਵੀ ਬਹੁਤ ਜਨਮਾਂ ਦੇ ਅੰਤ ਵਿੱਚ ਪਤਿਤ ਠਹਿਰੇ। ਕੋਈ ਵੀ ਪਾਵਨ ਨਹੀਂ ਹੈ ਇਸਲਈ ਕੁੰਭ ਦੇ ਮੇਲੇ ਤੇ, ਹਰਿਦਵਾਰ ਗੰਗਾ ਸਾਗਰ ਦੇ ਮੇਲੇ ਤੇ ਜਾਂਦੇ ਹਨ, ਸਮਝਦੇ ਹਨ ਇਸ਼ਨਾਨ ਕਰਨ ਨਾਲ ਪਾਵਨ ਬਣ ਜਾਣਗੇ। ਪਰ ਇਹ ਨਦੀਆਂ ਕੋਈ ਪਤਿਤ - ਪਾਵਨੀ ਥੋੜੀ ਹੀ ਹੋ ਸਕਦੀ। ਨਦੀਆਂ ਤਾਂ ਨਿਕਲਦੀ ਹੈ ਸਾਗਰ ਤੋਂ। ਅਸਲ ਵਿੱਚ ਤੁਸੀਂ ਹੋ ਗਿਆਨ ਗੰਗਾਵਾਂ, ਮਹੱਤਵ ਤੁਹਾਡਾ ਹੈ। ਤੁਸੀਂ ਗਿਆਨ ਗੰਗਾਵਾਂ ਇੱਥੋਂ ਉਥੋਂ ਨਿਕਲਦੀਆਂ ਹੋ, ਉਹ ਲੋਕ ਫਿਰ ਵਿਖਾਉਂਦੇ ਹਨ, ਤੀਰ ਮਾਰਿਆ ਅਤੇ ਗੰਗਾ ਨਿਕਲੀ। ਤੀਰ ਮਾਰਨ ਦੀ ਤਾਂ ਗੱਲ ਨਹੀਂ। ਇਹ ਗਿਆਨ ਗੰਗਾਵਾਂ ਦੇਸ਼ - ਦੇਸ਼ਾਂਤਰ ਜਾਂਦੀਆਂ ਹਨ।

ਸ਼ਿਵਬਾਬਾ ਕਹਿੰਦੇ ਹਨ ਮੈਂ ਡਰਾਮਾ ਦੇ ਬੰਧਨ ਵਿੱਚ ਬੰਨਿਆਂ ਹੋਇਆ ਹਾਂ। ਸਾਰਿਆਂ ਦਾ ਪਾਰ੍ਟ ਨਿਸ਼ਚਿਤ ਕੀਤਾ ਹੋਇਆ ਹੈ। ਮੇਰਾ ਵੀ ਪਾਰ੍ਟ ਨਿਸ਼ਚਿਤ ਹੈ। ਕੋਈ ਸਮਝਦੇ ਰੱਬ ਤਾਂ ਬਹੁਤ ਤਾਕਤਮੰਦ ਹੈ, ਮਰੇ ਹੋਏ ਨੂੰ ਵੀ ਜਿੰਦਾ ਕਰ ਸਕਦੇ ਹਨ। ਇਹ ਸਾਰੇ ਗਪੌੜੇ ਹਨ। ਮੈਂ ਆਉਂਦਾ ਹਾਂ ਪੜ੍ਹਾਉਣ ਦੇ ਲਈ। ਬਾਕੀ ਤਾਕਤ ਕੀ ਵਿਖਾਉਣਗੇ। ਸਾਕ੍ਸ਼ਾਤ੍ਕਾਰ ਦੀ ਵੀ ਜਾਦੂਗਰੀ ਹੈ। ਨੌਂਧਾ ਭਗਤੀ ਕਰਦੇ ਹਨ ਤਾਂ ਮੈਂ ਸਾਕ੍ਸ਼ਾਤ੍ਕਾਰ ਕਰਾਉਂਦਾ ਹਾਂ। ਜਿਵੇਂ ਕਾਲੀ ਦਾ ਰੂਪ ਵਿਖਾਉਂਦੇ ਹਨ, ਉਸ ਤੇ ਫਿਰ ਤੇਲ ਚੜ੍ਹਾਉਂਦੇ ਹਨ। ਹੁਣ ਇਵੇਂ ਦੀ ਕਾਲੀ ਤਾਂ ਹੈ ਨਹੀ, ਪਰ ਕਾਲੀ ਦੀ ਨੌਂਧਾ ਭਗਤੀ ਬਹੁਤ ਕਰਦੇ ਹਨ। ਅਸਲ ਵਿੱਚ ਕਾਲੀ ਤਾਂ ਜਗਤ ਅੰਬਾ ਹੈ। ਕਾਲੀ ਦਾ ਇਵੇਂ ਰੂਪ ਤਾਂ ਨਹੀਂ, ਪਰ ਨੌਂਧਾ ਭਗਤੀ ਕਰਨ ਨਾਲ ਬਾਬਾ ਭਾਵਨਾ ਦਾ ਭਾੜਾ ਦੇ ਦਿੰਦੇ ਹਨ। ਕਾਮ ਚਿਤਾ ਤੇ ਬੈਠਣ ਨਾਲ ਕਾਲੇ ਬਣੇ, ਹੁਣ ਗਿਆਨ ਚਿਤਾ ਤੇ ਬੈਠ ਗੋਰੇ ਬਣਦੇ ਹਨ। ਜੋ ਕਾਲੀ ਹੁਣ ਜਗਦੰਬਾ ਬਣੀ ਹੈ ਉਹ ਸਾਕ੍ਸ਼ਾਤ੍ਕਾਰ ਕਿਵੇਂ ਕਰਾਏਗੀ। ਉਹ ਤਾਂ ਹੁਣ ਬਹੁਤ ਜਨਮਾਂ ਦੇ ਅੰਤ ਦੇ ਵੀ ਅੰਤ ਵਾਲੇ ਜਨਮ ਵਿੱਚ ਹੈ। ਦੇਵਤੇ ਤਾਂ ਹੁਣ ਹੈ ਨਹੀਂ। ਤਾਂ ਉਹ ਕੀ ਸਾਕ੍ਸ਼ਾਤ੍ਕਰ ਕਰਾਉਣਗੇ। ਬਾਪ ਸਮਝਾਉਂਦੇ ਹਨ ਇਹ ਸਾਕ੍ਸ਼ਾਤ੍ਕਾਰ ਦੀ ਚਾਬੀ ਮੇਰੇ ਹੱਥ ਵਿੱਚ ਹੈ। ਅਲਪਕਾਲ ਦੇ ਲਈ ਭਾਵਨਾ ਪੂਰੀ ਕਰਨ ਦੇ ਲਈ ਸਾਕ੍ਸ਼ਾਤ੍ਕਾਰ ਕਰਾ ਦਿੰਦਾ ਹਾਂ। ਪਰ ਉਹ ਕੋਈ ਮੇਰੇ ਨਾਲ ਨਹੀਂ ਮਿਲਦੇ। ਮਿਸਾਲ ਇੱਕ ਕਾਲੀ ਦੀ ਦਿੰਦੇ ਹਨ। ਇਸ ਰੀਤੀ ਬਹੁਤ ਹਨ - ਹਨੂੰਮਾਨ, ਗਣੇਸ਼ ਆਦਿ। ਭਾਵੇਂ ਸਿੱਖ ਲੋਕ ਵੀ ਗੁਰੂਨਾਨਕ ਦੀ ਬਹੁਤ ਭਗਤੀ ਕਰਨ ਤਾਂ ਉਨ੍ਹਾਂ ਨੂੰ ਵੀ ਸਾਕ੍ਸ਼ਾਤ੍ਕਾਰ ਹੋ ਜਾਵੇਗਾ। ਪਰ ਉਹ ਤਾਂ ਥੱਲੇ ਚਲੇ ਆਉਂਦੇ ਹਨ। ਬਾਬਾ ਬੱਚਿਆਂ ਨੂੰ ਵਿਖਾਉਂਦੇ ਹਨ ਵੇਖੋ ਇਹ ਗੁਰੂਨਾਨਕ ਦੀ ਭਗਤੀ ਕਰ ਰਹੇ ਹਨ। ਸਾਕ੍ਸ਼ਾਤ੍ਕਾਰ ਫਿਰ ਵੀ ਮੈਂ ਕਰਾਉਂਦਾ ਹਾਂ। ਉਹ ਕਿਵੇਂ ਸਾਕ੍ਸ਼ਾਤ੍ਕਾਰ ਕਰਾਉਣਗੇ। ਉਨ੍ਹਾਂ ਦੇ ਕੋਲ ਸਾਕ੍ਸ਼ਾਤ੍ਕਾਰ ਕਰਾਉਣ ਦੀ ਚਾਬੀ ਨਹੀਂ ਹੈ। ਇਹ ਬਾਬਾ

ਕਹਿੰਦੇ ਹਨ ਮੈਨੂੰ ਵਿਨਾਸ਼, ਸਥਾਪਨਾ ਦਾ ਸਾਕ੍ਸ਼ਾਤ੍ਕਾਰ ਵੀ ਉਸ ਬਾਬਾ ਨੇ ਕਰਾਇਆ, ਪਰ ਸਾਕ੍ਸ਼ਾਤ੍ਕਾਰ ਨਾਲ ਕੋਈ ਦਾ ਵੀ ਕਲਿਆਣ ਨਹੀਂ। ਇਵੇਂ ਤਾਂ ਬਹੁਤਿਆਂ ਨੂੰ ਸਾਕ੍ਸ਼ਾਤ੍ਕਾਰ ਹੁੰਦੇ ਸੀ। ਅੱਜ ਉਹ ਹੈ ਨਹੀਂ। ਬਹੁਤ ਬੱਚੇ ਕਹਿੰਦੇ ਹਨ ਸਾਨੂੰ ਜੱਦ ਸਾਕ੍ਸ਼ਾਤ੍ਕਾਰ ਹੋਵੇ ਤਾਂ ਨਿਸ਼ਚੇ ਬੈਠੇ। ਪਰ ਨਿਸ਼ਚੇ ਸਾਕਸ਼ਾਤਕਾਰ ਨਾਲ ਨਹੀਂ ਹੋ ਸਕਦਾ। ਨਿਸ਼ਚੇ ਬੈਠਦਾ ਹੈ ਗਿਆਨ ਅਤੇ ਯੋਗ ਨਾਲ। 5 ਹਜ਼ਾਰ ਵਰ੍ਹੇ ਪਹਿਲੇ ਵੀ ਮੈਂ ਕਿਹਾ ਸੀ ਕਿ ਇਹ ਸਾਕ੍ਸ਼ਾਤ੍ਕਾਰ ਮੈਂ ਕਰਾਉਂਦਾ ਹਾਂ। ਮੀਰਾ ਨੇ ਵੀ ਸਾਕ੍ਸ਼ਾਤ੍ਕਾਰ ਕੀਤਾ। ਇਵੇਂ ਨਹੀਂ ਕਿ ਆਤਮਾ ਉੱਥੇ ਚਲੀ ਗਈ। ਨਹੀਂ, ਬੈਠੇ - ਬੈਠੇ ਸਾਕ੍ਸ਼ਾਤ੍ਕਾਰ ਕਰ ਲੈਂਦੇ ਹਨ ਪਰ ਮੈਨੂੰ ਨਹੀਂ ਪ੍ਰਾਪਤ ਕਰ ਸਕਦੇ।

ਬਾਪ ਕਹਿੰਦੇ ਹਨ ਕੋਈ ਵੀ ਗੱਲ ਦਾ ਸੰਸ਼ੇ ਹੋਵੇ ਤਾਂ ਜੋ ਵੀ ਬ੍ਰਹਮਣੀਆਂ (ਟੀਚਰਸ) ਹਨ, ਉਨ੍ਹਾਂ ਤੋਂ ਪੁੱਛੋ। ਇਹ ਤਾਂ ਜਾਣਦੇ ਹੋ ਬੱਚੀਆਂ ਵੀ ਨੰਬਰਵਾਰ ਹਨ, ਨਦੀਆਂ ਵੀ ਨੰਬਰਵਾਰ ਹੁੰਦੀਆਂ ਹਨ । ਕੋਈ ਤਾਂ ਤਲਾਬ ਵੀ ਹੈ, ਬਹੁਤ ਗੰਦਾ, ਬਾਸੀ ਪਾਣੀ ਹੁੰਦਾ ਹੈ। ਉੱਥੇ ਵੀ ਸ਼੍ਰਧਾ ਭਾਵ ਨਾਲ ਮਨੁੱਖ ਜਾਂਦੇ ਹਨ। ਉਹ ਹੈ ਭਗਤੀ ਦੀ ਅੰਧਸ਼ਰਧਾ। ਕਦੇ ਵੀ ਕੋਈ ਤੋਂ ਵੀ ਭਗਤੀ ਛੁਡਾਉਣੀ ਨਹੀਂ ਹੈ। ਜੱਦ ਗਿਆਨ ਵਿੱਚ ਆ ਜਾਣਗੇ ਤਾਂ ਭਗਤੀ ਆਪ ਹੀ ਛੁੱਟ ਜਾਏਗੀ। ਬਾਬਾ ਵੀ ਨਾਰਾਇਣ ਦਾ ਭਗਤ ਸੀ, ਚਿੱਤਰ ਵੀ ਵੇਖਿਆ ਲਕਸ਼ਮੀ ਦਾਸੀ ਬਣ ਨਾਰਾਇਣ ਦੇ ਪੈਰ ਦਬਾ ਰਹੀ ਹੈ ਤਾਂ ਇਹ ਬਿਲਕੁਲ ਚੰਗਾ ਨਹੀਂ ਲੱਗਿਆ। ਸਤਿਯੁਗ ਵਿੱਚ ਇਵੇਂ ਹੁੰਦਾ ਨਹੀਂ। ਤਾਂ ਮੈਂ ਇੱਕ ਆਰਟਿਸਟ ਨੂੰ ਕਿਹਾ ਕਿ ਲਕਸ਼ਮੀ ਨੂੰ ਇਸ ਦਾਸੀਪਣੇ ਤੋਂ ਵਿਦਾਈ ਦੇ ਦੋ। ਬਾਬਾ ਭਗਤ ਤਾਂ ਸੀ ਪਰ ਗਿਆਨ ਥੋੜੀ ਸੀ। ਭਗਤ ਤਾਂ ਸਾਰੇ ਹਨ। ਅਸੀਂ ਤਾਂ ਬਾਬਾ ਦੇ ਬੱਚੇ ਮਾਲਿਕ ਹਾਂ। ਬ੍ਰਹਮਾਂਡ ਦਾ ਵੀ ਮਾਲਿਕ ਬੱਚਿਆਂ ਨੂੰ ਬਨਾਉਂਦੇ ਹਨ। ਕਹਿੰਦੇ ਹਨ ਤੁਹਾਨੂੰ ਰਾਜ - ਭਾਗ ਦਿੰਦਾ ਹਾਂ। ਇਵੇਂ ਦਾ ਬਾਬਾ ਕਦੀ ਵੇਖਿਆ? ਉਸ ਬਾਪ ਨੂੰ ਪੂਰਾ ਯਾਦ ਕਰਨਾ ਹੈ। ਉਨ੍ਹਾਂ ਨੂੰ ਤੁਸੀਂ ਇਨ੍ਹਾਂ ਅੱਖਾਂ ਨਾਲ ਨਹੀਂ ਵੇਖ ਸਕਦੇ। ਉਨ੍ਹਾਂ ਨਾਲ ਯੋਗ ਲਾਗਾਉਣਾ ਹੈ। ਯਾਦ ਅਤੇ ਗਿਆਨ ਵੀ ਬਿਲਕੁਲ ਸਹਿਜ ਹੈ। ਬੀਜ ਅਤੇ ਝਾੜ ਨੂੰ ਜਾਨਣਾ ਹੈ। ਤੁਸੀਂ ਉਸ ਨਿਰਾਕਾਰੀ ਝਾੜ ਤੋਂ ਸਾਕਾਰੀ ਝਾੜ ਵਿੱਚ ਆਏ ਹੋ। ਬਾਬਾ ਨੇ ਸਾਕਸ਼ਾਤਕਾਰ ਦਾ ਰਾਜ ਵੀ ਸਮਝਾਇਆ ਹੈ। ਝਾੜ ਦਾ ਰਾਜ ਵੀ ਸਮਝਾਇਆ ਹੈ। ਕਰਮ - ਅਕਰਮ - ਵਿਕਰਮ ਦੀ ਗਤੀ ਵੀ ਬਾਬਾ ਨੇ ਸਮਝਾਈ ਹੈ। ਬਾਪ, ਟੀਚਰ, ਗੁਰੂ ਤਿੰਨਾਂ ਤੋਂ ਹੀ ਸਿੱਖਿਆ ਮਿਲਦੀ ਹੈ। ਹੁਣ ਬਾਬਾ ਕਹਿੰਦੇ ਹਨ ਮੈਂ ਤੁਹਾਨੂੰ ਇਵੇਂ ਦੀ ਸਿੱਖਿਆ ਦਿੰਦਾ ਹਾਂ, ਇਵੇਂ ਦੇ ਕਰਮ ਸਿੱਖਾਉਂਦਾ ਹਾਂ ਜੋ ਤੁਸੀ 21 ਜਨਮ ਹਮੇਸ਼ਾ ਸੁੱਖੀ ਬਣ ਜਾਂਦੇ ਹੋ। ਟੀਚਰ ਸਿੱਖਿਆ ਦਿੰਦੇ ਹਨ ਨਾ। ਗੁਰੂ ਲੋਕ ਵੀ ਪਵਿੱਤਰਤਾ ਦੀ ਸਿੱਖਿਆ ਦਿੰਦੇ ਹਨ ਅਤੇ ਕਥਾਵਾਂ ਸੁਣਾਉਂਦੇ ਹਨ। ਪਰ ਧਾਰਨਾ ਬਿਲਕੁਲ ਨਹੀਂ ਹੁੰਦੀ। ਇਥੇ ਤਾਂ ਬਾਪ ਕਹਿੰਦੇ ਹਨ ਅੰਤ ਮਤਿ ਸੋ ਗਤੀ ਹੋਵੇਗੀ। ਮਨੁੱਖ ਜੱਦ ਮਰਦੇ ਹਨ ਤਾਂ ਵੀ ਕਹਿੰਦੇ ਹਨ ਰਾਮ - ਰਾਮ ਕਹੋ ਤਾਂ ਬੁੱਧੀ ਉਸ ਵੱਲ ਚਲੀ ਜਾਂਦੀ ਹੈ। ਹੁਣ ਬਾਪ ਕਹਿੰਦੇ ਹਨ ਹੁਣ ਤੁਹਾਡਾ ਸਾਕਾਰ ਤੋਂ ਯੋਗ ਛੁੱਟਿਆ । ਹੁਣ ਮੈਂ ਤੂਹਾਨੂੰ ਚੰਗੇ ਕਰਮ ਸਿਖਾਉਂਦਾ ਹਾਂ। ਸ਼੍ਰੀ ਕ੍ਰਿਸ਼ਨ ਦਾ ਚਿੱਤਰ ਵੇਖੋ, ਪੁਰਾਣੀ ਦੁਨੀਆਂ ਨੂੰ ਲੱਤ ਮਾਰਦੇ ਅਤੇ ਨਵੀਂ ਦੁਨੀਆਂ ਵਿੱਚ ਆਉਂਦੇ ਹਨ। ਤੁਸੀਂ ਵੀ ਪੁਰਾਣੀ ਦੁਨੀਆਂ ਨੂੰ ਲੱਤ ਮਾਰ ਨਵੀਂ ਦੁਨੀਆਂ ਵਿੱਚ ਜਾਂਦੇ ਹੋ। ਤਾਂ ਤੁਹਾਡੀ ਨਰਕ ਦੇ ਵੱਲ ਹੈ ਲੱਤ, ਸ੍ਵਰਗ ਦੇ ਵੱਲ ਹੈ ਮੂੰਹ। ਸ਼ਮਸ਼ਾਨ ਵਿੱਚ ਵੀ ਅੰਦਰ ਜੱਦ ਘੁਸਦੇ ਹਨ ਤਾਂ ਮੁਰਦੇ ਦਾ ਮੂੰਹ ਉਸ ਵੱਲ ਕਰ ਲੈਂਦੇ ਹਨ। ਲੱਤ ਪਿਛਾੜੀ ਵੱਲ ਕਰ ਲੈਂਦੇ ਹਨ। ਤਾਂ ਇਹ ਚਿੱਤਰ ਵੀ ਇਵੇਂ ਬਣਾਇਆ ਹੈ।

ਮੰਮਾ, ਬਾਬਾ ਅਤੇ ਤੁਸੀਂ ਬੱਚੇ, ਤੁਹਾਨੂੰ ਤਾਂ ਮੰਮਾ - ਬਾਬਾ ਨੂੰ ਫਾਲੋ ਕਰਨਾ ਪਵੇ, ਜੋ ਉਨ੍ਹਾਂ ਦੀ ਗੱਦੀ ਤੇ ਬੈਠੋ। ਰਾਜਾ ਦੇ ਬੱਚੇ ਪ੍ਰਿੰਸ - ਪ੍ਰਿੰਸੇਜ਼ ਕਹਿਲਾਉਂਦੇ ਹਨ ਨਾ। ਤੁਸੀਂ ਜਾਣਦੇ ਹੋ ਅਸੀਂ ਭਵਿੱਖ ਵਿੱਚ ਪ੍ਰਿੰਸ - ਪ੍ਰਿੰਸੇਜ਼ ਬਣਦੇ ਹਾਂ। ਇਵੇਂ ਕੋਈ ਬਾਪ - ਟੀਚਰ - ਗੁਰੂ ਹੋਵੇਗਾ ਜੋ ਤੁਹਾਨੂੰ ਇਵੇਂ ਦੇ ਕਰਮ ਸਿਖਾਏਗਾ! ਤੁਸੀਂ ਸਦਾਕਾਲ ਦੇ ਲਈ ਸੁਖੀ ਬਣਦੇ ਹੋ। ਇਹ ਸ਼ਿਵਬਾਬਾ ਦਾ ਵਰ ਹੈ, ਉਹ ਅਸ਼ੀਰਵਾਦ ਕਰਦੇ ਹਨ। ਇਹ ਨਹੀਂ, ਸਾਡੇ ਉੱਪਰ ਉਨ੍ਹਾਂ ਦੀ ਕਿਰਪਾ ਹੈ। ਸਿਰਫ ਕਹਿਣ ਨਾਲ ਕੁਝ ਨਹੀਂ ਹੋਵੇਗਾ। ਤੁਹਾਨੂੰ ਸਿੱਖਣਾ ਹੁੰਦਾ ਹੈ। ਸਿਰਫ ਅਸ਼ੀਰਵਾਦ ਨਾਲ ਤੁਸੀਂ ਨਹੀਂ ਬਣ ਜਾਓਗੇ। ਉਸ ਦੀ ਮੱਤ ਤੇ ਚਲਣਾ ਹੈ। ਗਿਆਨ ਅਤੇ ਯੋਗ ਦੀ ਧਾਰਨਾ ਕਰਨੀ ਹੈ। ਬਾਪ ਸਮਝਾਉਂਦੇ ਹਨ ਕਿ ਮੁੱਖ ਤੋਂ ਰਾਮ - ਰਾਮ ਕਹਿਣਾ ਵੀ ਆਵਾਜ਼ ਹੋ ਜਾਂਦਾ ਹੈ। ਤੂਹਾਨੂੰ ਤਾਂ ਵਾਣੀ ਤੋਂ ਪਰੇ ਜਾਣਾ ਹੈ। ਚੁੱਪ ਰਹਿਣਾ ਹੈ। ਖੇਡ ਵੀ ਬਹੁਤ ਚੰਗੇ - ਚੰਗੇ ਨਿਕਲਦੇ ਹਨ। ਅਨਪੜ੍ਹ ਨੂੰ ਬੁੱਧੂ ਕਿਹਾ ਜਾਂਦਾ ਹੈ। ਬਾਬਾ ਕਹਿੰਦੇ ਹਨ ਕਿ ਹੁਣ ਸਾਰਿਆਂ ਨੂੰ ਭੁੱਲ ਕੇ ਤੁਸੀਂ ਬਿਲਕੁਲ ਬੁੱਧੂ ਬਣ ਜਾਓ। ਮੈਂ ਜੋ ਤੁਹਾਨੂੰ ਮਤ ਦਿੰਦਾ ਹਾਂ ਉਸ ਤੇ ਚੱਲੋ। ਪਰਮਧਾਮ ਵਿੱਚ ਤੁਸੀਂ ਸਾਰੀਆਂ ਆਤਮਾਵਾਂ ਬਿਨਾ ਸ਼ਰੀਰ ਦੇ ਰਹਿੰਦੀਆਂ ਹੋ ਫਿਰ ਇੱਥੇ ਆਕੇ ਸ਼ਰੀਰ ਲੈਂਦੀਆਂ ਹੋ ਤਾਂ ਜੀਵ ਆਤਮਾ ਕਿਹਾ ਜਾਂਦਾ ਹੈ। ਆਤਮਾ ਕਹਿੰਦੀ ਹੈ ਮੈ ਇੱਕ ਸ਼ਰੀਰ ਛੱਡ ਦੂਜਾ ਲੈਂਦੀ ਹਾਂ। ਤਾਂ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਫਸਟਕਲਾਸ ਕਰਮ ਸਿਖਾਉਂਦਾ ਹਾਂ। ਟੀਚਰ ਪੜ੍ਹਾਉਂਦੇ ਹਨ, ਇਸ ਵਿੱਚ ਤਾਕਤ ਦੀ ਕੀ ਗੱਲ ਹੈ। ਸਾਕ੍ਸ਼ਾਤ੍ਕਾਰ ਕਰਾਉਂਦੇ ਹਨ, ਇਸ ਨੂੰ ਜਾਦੂਗਰੀ ਕਿਹਾ ਜਾਂਦਾ ਹੈ। ਮਨੁੱਖ ਤੋਂ ਦੇਵਤਾ ਬਣਾਉਣਾ, ਅਜਿਹੀ ਜਾਦੂਗਰੀ ਕੋਈ ਕਰ ਨਾ ਸਕੇ। ਬਾਬਾ ਸੌਦਾਗਰ ਵੀ ਹੈ, ਪੁਰਾਣਾ ਲੈਕੇ ਨਵਾਂ ਦਿੰਦਾ ਹਾਂ। ਇਨ੍ਹਾਂ ਨੂੰ ਪੁਰਾਣਾ ਲੋਹੇ ਦਾ ਬਰਤਨ ਕਿਹਾ ਜਾਂਦਾ ਹੈ। ਇਨ੍ਹਾਂ ਦਾ ਕੋਈ ਮੁੱਲ ਨਹੀਂ ਹੈ। ਅੱਜਕਲ ਵੇਖੋ ਤਾਂਬੇ ਦੇ ਵੀ ਪੈਸੇ ਨਹੀਂ ਬਣਦੇ। ਉੱਥੇ ਤਾਂ ਸੋਨੇ ਦੇ ਸਿੱਕੇ ਹੁੰਦੇ ਹਨ। ਵੰਡਰ ਹੈ ਨਾ। ਕੀ ਤੋਂ ਕੀ ਹੋ ਗਿਆ ਹੈ!

ਬਾਪ ਕਹਿੰਦੇ ਹਨ ਮੈਂ ਤੁਹਾਨੂੰ ਨੰਬਰਵਨ ਕਰਮ ਸਿੱਖਾਉਂਦਾ ਹਾਂ। ਮਨਮਨਾਭਵ ਹੋ ਜਾਓ। ਫਿਰ ਹੈ ਪੜ੍ਹਾਈ ਜਿਸ ਨਾਲ ਸ੍ਵਰਗ ਦਾ ਪ੍ਰਿੰਸ ਬਣੋਂਗੇ। ਹੁਣ ਦੇਵਤਾ ਧਰਮ ਜੋ ਪਰਾਏ - ਲੋਪ ਹੋ ਗਿਆ ਹੈ, ਉਹ ਫਿਰ ਤੋਂ ਸਥਾਪਨ ਹੁੰਦਾ ਹੈ। ਮਨੁੱਖ ਤੁਹਾਡੀਆਂ ਨਵੀਆਂ ਗੱਲਾਂ ਵੇਖ ਕੇ ਵੰਡਰ ਖਾਂਦੇ ਹਨ, ਕਹਿੰਦੇ ਹਨ ਕਿ ਇਸਤਰੀ - ਪੁਰਸ਼ ਦੋਨੋ ਹੀ ਇਕੱਠੇ ਰਹਿ ਪਵਿੱਤਰ ਰਹਿ ਸਕਣ - ਇਹ ਕਿਵੇਂ ਹੋ ਸਕਦਾ! ਬਾਬਾ ਤਾਂ ਕਹਿੰਦੇ ਹਨ ਭਾਵੇਂ ਇਕੱਠੇ ਰਹੋ, ਨਹੀਂ ਤਾਂ ਪਤਾ ਕਿਵੇਂ ਲੱਗੇ। ਵਿੱਚਕਾਰ ਗਿਆਨ ਤਲਵਾਰ ਰੱਖਣੀ ਹੈ, ਇੰਨੀ ਬਹਾਦੁਰੀ ਵਿਖਾਉਣੀ

ਹੈ। ਪਰੀਖਿਆ ਹੁੰਦੀ ਹੈ। ਤਾਂ ਮਨੁੱਖ ਇਨ੍ਹਾਂ ਗੱਲਾਂ ਵਿੱਚ ਵੰਡਰ ਖਾਂਦੇ ਹਨ ਕਿਓਂਕਿ ਸ਼ਾਸਤਰਾਂ ਵਿੱਚ ਤਾਂ ਇਵੇਂ ਗੱਲਾਂ ਹੈ ਨਹੀਂ। ਇੱਥੇ ਤਾਂ ਪ੍ਰੈਕਟੀਕਲ ਵਿੱਚ ਮਿਹਨਤ ਕਰਨੀ ਪੈਂਦੀ ਹੈ। ਗੰਧਰਵ ਵਿਵਾਹ ਦੀ ਗੱਲ ਇੱਥੇ ਕੀਤੀ ਹੈ। ਹੁਣ ਤੁਸੀਂ ਪਵਿੱਤਰ ਬਣਦੇ ਹੋ। ਤਾਂ ਬਾਬਾ ਕਹਿੰਦੇ ਬਹਾਦੁਰੀ ਵਿਖਾਓ। ਸੰਨਿਆਸੀਆਂ ਦੇ ਅੱਗੇ ਸਬੂਤ ਦੇਣਾ ਹੈ। ਸਮਰੱਥ ਬਾਬਾ ਹੀ ਸਾਰੀ ਦੁਨੀਆਂ ਨੂੰ ਪਾਵਨ ਬਣਾਉਂਦੇ ਹਨ। ਬਾਪ ਕਹਿੰਦੇ ਹਨ ਭਾਵੇਂ ਨਾਲ ਵਿੱਚ ਰਹੋ ਸਿਰਫ ਨਗਨ ਨਹੀਂ ਹੋਣਾ ਹੈ। ਇਹ ਸਾਰੀਆਂ ਹਨ ਯੁਕਤੀਆਂ। ਬੜੀ ਜਬਰਦਸਤ ਪ੍ਰਾਪਤੀ ਹੈ ਸਿਰਫ ਇੱਕ ਜਨਮ ਬਾਬਾ ਦੇ ਡਾਇਰੈਕਸ਼ਨ ਤੇ ਪਵਿੱਤਰ ਰਹਿਣਾ ਹੈ। ਯੋਗ ਅਤੇ ਗਿਆਨ ਨਾਲ ਐਵਰਹੈਲਦੀ ਬਣਦੇ ਹਨ 21 ਜਨਮਾਂ ਦੇ ਲਈ, ਇਸ ਵਿੱਚ ਮਿਹਨਤ ਹੈ ਨਾ। ਤੁਸੀਂ ਹੋ ਸ਼ਕਤੀ ਸੈਨਾ। ਮਾਇਆ ਤੇ ਜਿੱਤ ਪਹਿਣ ਜਗਤਜੀਤ ਬਣਦੇ ਹੋ। ਸਾਰੇ ਥੋੜੀ ਨਾ ਬਣਨਗੇ। ਜੋ ਬੱਚੇ ਪੁਰਸ਼ਾਰਥ ਕਰਨਗੇ ਉਹ ਹੀ ਉੱਚ ਪਦ ਪਾਉਣਗੇ। ਤੁਸੀਂ ਭਾਰਤ ਨੂੰ ਹੀ ਪਵਿੱਤਰ ਬਣਾ ਕੇ ਫਿਰ ਭਾਰਤ ਤੇ ਹੀ ਰਾਜ ਕਰਦੇ ਹੋ। ਲੜਾਈ ਨਾਲ ਕਦੀ ਸ੍ਰਿਸ਼ਟੀ ਦੀ ਬਾਦਸ਼ਾਹੀ ਨਹੀਂ ਮਿਲ ਸਕਦੀ। ਇਹ ਵੰਡਰ ਹੈ ਨਾ। ਇਸ ਸਮੇਂ ਸਭ ਆਪਸ ਵਿਚ ਲੜ ਕੇ ਖਤਮ ਹੋ ਜਾਂਦੇ ਹਨ। ਮੱਖਣ ਭਾਰਤ ਨੂੰ ਮਿਲਦਾ ਹੈ। ਦਿਵਾਉਣ ਵਾਲੀਆਂ ਹਨ ਵੰਦੇ ਮਾਤਰਮ। ਮੈਜਾਰਿਟੀ ਮਾਤਾਵਾਂ ਦੀ ਹੈ। ਹੁਣ ਬਾਬਾ ਕਹਿੰਦੇ ਹਨ ਜਨਮ - ਜਨਮਾਂਤ੍ਰ ਤੁਸੀਂ ਗੁਰੂ ਕਰਦੇ ਆਏ, ਸ਼ਾਸਤਰ ਪੜ੍ਹਦੇ ਆਏ ਹੋ। ਹੁਣ ਮੈਂ ਤੁਹਾਨੂੰਦਾ ਸਮਝਾਉਂਦ ਹਾਂ - ਜੱਜ ਯੁਅਰ ਸੈਲਫ, ਰਾਈਟ ਕੀ ਹੈ? ਸਤਿਯੁਗ ਹੈ ਰਾਇਟੀਯਸ ਦੁਨੀਆਂ। ਮਾਇਆ ਅਨਰਾਇਟੀਯਸ ਬਣਾਉਂਦੀ ਹੈ, ਹੁਣ ਭਾਰਤਵਾਸੀ ਅਨਲਾਫੁੱਲ, ਇਰਲੀਜੀਅਸ ਬਣ ਗਏ ਹਨ। ਰਿਲੀਜਨ ਨਹੀਂ ਇਸਲਈ ਮਾਈਟ ਨਹੀਂ ਰਹੀ ਹੈ। ਇਰਲੀਜਸ, ਅਣਰਾਈਟਿਸ, ਅਣਲਾਅਫੁੱਲ ਇਨਸਾਲਵੈਂਟ ਬਣ ਪਏ ਹਨ। ਬੇਹੱਦ ਦਾ ਬਾਪ ਹੈ ਇਸਲਈ ਬੇਹੱਦ ਦੀਆਂ ਗੱਲਾਂ ਸਮਝਾਉਂਦੇ ਹਨ, ਕਹਿੰਦੇ ਹਨ ਕਿ ਫਿਰ ਤੁਹਾਨੂੰ ਰਿਲਿਜੀਅਸ ਮੋਸ੍ਟ ਪਾਵਰਫੁੱਲ ਬਣਾਉਂਦਾ ਹਾਂ। ਸ੍ਵਰਗ ਬਣਾਉਣਾ ਤਾਂ ਪਾਵਰਫੁੱਲ ਦਾ ਕੰਮ ਹੈ। ਪਰ ਹੈ ਗੁਪਤ। ਇੰਕਾਗਨਿਟੋ ਵਾਰਿਅਰਜ਼ ਹੈ। ਬਾਪ ਦਾ ਬੱਚਿਆਂ ਤੇ ਬਹੁਤ ਪਿਆਰ ਹੁੰਦਾ ਹੈ। ਮਤ ਦਿੰਦੇ ਹਨ। ਬਾਪ ਦੀ ਮਤ, ਟੀਚਰ ਦੀ ਮਤ, ਗੁਰੂ ਦੀ ਮਤ, ਸੋਨਾਰ ਦੀ ਮਤ, ਧੋਬੀ ਦੀ ਮਤ - ਇਸ ਵਿੱਚ ਸਾਰੀਆਂ ਮਤਾਂ ਆ ਜਾਂਦੀਆਂ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਇੱਕ ਅੰਤਿਮ ਜਨਮ ਵਿੱਚ ਬਾਪ ਦੇ ਡਾਇਰੈਕਸ਼ਨ ਤੇ ਚਲ ਅਸੀਂ ਗ੍ਰਹਿਸਥ ਵਿੱਚ ਰਹਿੰਦੇ ਪਵਿੱਤਰ ਰਹਿਣਾ ਹੈ। ਇਸ ਵਿੱਚ ਬਹਾਦੁਰੀ ਵਿਖਾਉਣੀ ਹੈ।

2. ਸ਼੍ਰੀਮਤ ਤੇ ਹਮੇਸ਼ਾ ਸ਼੍ਰੇਸ਼ਠ ਕਰਮ ਕਰਨੇ ਹਨ। ਵਾਣੀ ਤੋਂ ਪਰੇ ਜਾਣਾ ਹੈ, ਜੋ ਕੁਝ ਪੜ੍ਹਿਆ ਜਾਂ ਸੁਣਿਆ ਹੈ ਉਸ ਨੂੰ ਭੁੱਲ ਬਾਪ ਨੂੰ ਯਾਦ ਕਰਨਾ ਹੈ।

ਵਰਦਾਨ:- ਪਰਿਸਥਿਤੀਆਂ ਨੂੰ ਗੁੱਡਲਕ ਸਮਝ ਆਪਣੇ ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਬਣਾਉਣ ਵਾਲੇ ਅਚਲ ਅਡੋਲ ਭਵ
ਕੋਈ ਵੀ ਪਰਿਸਥਿਤੀ ਆਏ ਤਾਂ ਤੁਸੀਂ ਹਾਈ ਜੰਪ ਦੇ ਦੋ ਕਿਉਂਕਿ ਪਰਿਸਥਿਤੀ ਆਉਣਾ ਵੀ ਗੁੱਡਲੱਕ ਹੈ। ਇਹ ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰਨ ਦਾ ਸਾਧਨ ਹੈ। ਤੁਸੀਂ ਜਦੋਂ ਇੱਕ ਵਾਰੀ ਅੰਗਦ ਦੇ ਸਮਾਨ ਮਜ਼ਬੂਤ ਹੋ ਜਾਵੋਗੇ ਤਾਂ ਇਹ ਪੇਪਰ ਵੀ ਨਮਸਕਾਰ ਕਰਨਗੇ। ਪਹਿਲੇ ਵਿਕਰਾਲ ਰੂਪ ਵਿੱਚ ਆਉਣਗੇ ਅਤੇ ਫਿਰ ਦਾਸੀ ਬਣ ਜਾਣਗੇ। ਚੈਲੇਂਜ ਕਰੋ ਅਸੀਂ ਮਹਾਵੀਰ ਹਾਂ। ਜਿਵੇਂ ਪਾਣੀ ਦੇ ਉਪਰ ਲਕੀਰ ਠਹਿਰ ਨਹੀਂ ਸਕਦੀ, ਇਵੇਂ ਮੁਝ ਮਾਸਟਰ ਸਾਗਰ ਦੇ ਉਪਰ ਕੋਈ ਪਰਿਸਥਿਤੀ ਵਾਰ ਕਰ ਨਹੀਂ ਸਕਦੀ। ਸਵ - ਸਥਿਤੀ ਵਿੱਚ ਰਹਿਣ ਨਾਲ ਅਚਲ -ਅਡੋਲ ਬਣ ਜਾਵੋਗੇ।

ਸਲੋਗਨ:- ਪੁਰਾਣੇ ਵਰ੍ਹੇ ਨੂੰ ਵਿਦਾਈ ਦੇਣ ਦੇ ਨਾਲ -ਨਾਲ ਕੰਡਵੇਪਨ ਨੂੰ ਵੀ ਵਿਦਾਈ ਦੇ ਦਵੋ।

******

ਅਵਿਕਅਤ ਇਸ਼ਾਰੇ:- ਰੂਹਾਨੀ ਰਿਆਲਟੀ ਅਤੇ ਪਿਓਰਟੀ ਦੀ ਪ੍ਰਸਨੇਲਟੀ ਧਾਰਨ ਕਰੋ।

ਜੇਕਰ ਵਰਦਾਤਾ ਅਤੇ ਵਰਦਾਨੀ ਦੋਵਾਂ ਦਾ ਸੰਬੰਧ ਸਮੀਪ ਅਤੇ ਸਨੇਹ ਦੇ ਅਧਾਰ ਨਾਲ ਨਿਰੰਤਰ ਹੋ ਅਤੇ ਸਦਾ ਕੰਮਬਾਇੰਡ ਰੂਪ ਵਿੱਚ ਰਹੋ ਤਾਂ ਪਵਿੱਤਰਤਾ ਦੀ ਛਤਰਛਾਇਆ ਖੁਦ ਰਹੇਗੀ। ਜਿੱਥੇ ਸਰਵਸ਼ਕਤੀਮਾਨ ਬਾਪ ਹੈ ਉੱਥੇ ਅਪਵਿਤ੍ਰਤਾ ਸੁਪਨੇ ਵਿੱਚ ਵੀ ਨਹੀਂ ਆ ਸਕਦੀ ਹੈ। ਜਦੋਂ ਇਕਲੇ ਹੁੰਦੇ ਹੋ ਤਾਂ ਪਵਿੱਤਰਤਾ ਦਾ ਸੁਹਾਗ ਚਲਾ ਜਾਂਦਾ ਹੈ।